हिन्दुस्तान स्काउट्स एवं गाइड्स पंजाब राज्य

# Hindustan Scouts & Guides Punjab State

Related With Sports Education Department of Punjab Government &
Ministry of Youth Affairs & Sports Government of India New Delhi
State Head Qtrs. 2nd Floor, Phase-8, Punjab School Education Board, S.A.S Nagar


Ref.HSGPB-28/17-18/128 Dated.27/07/2017

ਸੇਵਾ ਵਿਖੇ ,
ਪੰਜਾਬ ਰਾਜ ਦੇ ਸਮੂਹ,
ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:ਅਤੇ ਐ:ਸਿ:)।

ਵਿਸ਼ਾ :- ਰਜਿਸ਼ਟਰੇਸ਼ਨ ਫੀਸ ਤੇ ਕੋਟਾਮਨੀ ਫੀਸ ਲਈ ।

ਸ਼੍ਰੀ ਮਾਨ ਜੀ/ ਸ਼੍ਰੀ ਮਤੀ ਜੀ,

ਪੰਜਾਬ ਰਾਜ ਵੱਲੋਂ ਸਕਾਊਟ ਐਂਡ ਗਾਈਡ ਦੀਆਂ ਗਤੀਵਿਧੀਆਂ ਨੂੰ ਮੱਹਤਤਾ ਦਿੰਦੇ ਹੋਏ ਰਾਜ ਦੇ ਹਰੇਕ ਸਕੂਲ ਦੀ ਫੀਸ ਤੇ ਕੋਟਾਮਨੀ ਫੀਸ ਹੇਠ ਲਿਖੇ ਅਨੁਸਾਰ ਨਿਰਧਾਰੀਤ ਕੀਤੀ ਜਾਵੇ।

| ਮਿਡਲ ਸਕੂਲ | ਹਾਈ ਸਕੂਲ | ਸੀ : ਸੈ : ਸਕੂਲ | ਕਾਲਜ |
|---|---|---|---|
| 820/- | 980/- | 1140/- | 2000/- |

ਉਪਰੋਕਤ ਅਨੁਸਾਰ ਜਮਾਂ ਰਾਸ਼ੀ 25% ਸੰਬਧਤ ਜਿਲਿਆਂ ਦੇ ਜਿਲਾ ਚੀਫ ਕਮੀਸ਼ਨਰ ਨੂੰ ਹਿੰਦੁਸਤਾਨ ਸਕਾਊਟ ਐਂਡ ਗਾਈਡ ਪੰਜਾਬ ਰਾਜ ਵੱਲੋਂ ਦਿੱਤਾ ਜਾਵੇਗਾ।ਤਾਂ ਕਿ ਉਹ ਆਪਣੇ ਜਿਲੇ ਦੀਆਂ ਗਤੀਵਿਧੀਆਂ ਕਰ ਸਕਣ ਅਤੇ 25%(W.F.I.S.) ਜਰਮਨੀ ਨੂੰ ਭੇਜਿਆ ਜਾਵੇਗਾ। 25 % ਰਾਸ਼ਟਰੀ ਮੁਖ - ਦਫਤਰ ਨੂੰ ਜਾਵੇਗਾ।25% ਰਾਜ ਸੰਗਠਨ ਦੇ ਕੋਲ ਜਾਵੇਗਾ।ਇਸ ਦੇ ਨਾਲ ਪੰਜਾਬ ਰਾਜ ਦੇ ਵੱਲੋਂ ਪਹਿਲਾਂ ਜਾਰੀ ਨਿਰਦੇਸ਼ਾ / ਹੁਕਮਾਂ ਅਨੁਸਾਰ ਸਕਾਊਟ ਐਂਡ ਗਾਈਡ ਦੇ ਕੰਮਾਂ ਨੂੰ ਵਧੀਆ ਸੁਚਾਰੂ ਢੰਗ ਨਾਲ ਚਲਾਉਣ ਲਈ ਪੰਜਾਬ ਰਾਜ ਵੱਲੋਂ ਸਕਾਊਟ ਐਂਡ ਗਾਈਡ ਨੂੰ ਦੋ ਵੱਖ - ਵੱਖ ਸਵਤੰਤਰ ਭਾਗਾਂ ਵਿੱਚ ਵੰਡਿਆ ਗਿਆ ਹੈ ।ਜੋ ਕਿ ਇਸ ਪ੍ਰਕਾਰ ਹਨ 1.ਹਿੰਦੁਸਤਾਨ ਸਕਾਊਟ ਐਂਡ ਗਾਈਡ 2. ਭਾਰਤ ਸਕਾਊਟ ਐਂਡ ਗਾਈਡ ।
ਇਹ ਦੋਨੋਂ ਸੰਸਥਾਵਾਂ ਹੇਠ ਲਿਖੇ ਅਨੁਸਾਰ ਖੇਤਰਾਂ ਦੀ ਜਿੰਮੇਵਾਰੀ ਦਿੱਤੀ ਗਈ ਹੈ :-
1.ਹਿੰਦੁਸਤਾਨ ਸਕਾਊਟ ਐਂਡ ਗਾਈਡ ਨੂੰ ਦੁਆਬਾ ਅਤੇ ਮਾਝਾ ਖੇਤਰ ਦਿੱਤੇ ਗਏ ਹਨ ,ਜਿਸ ਵਿੱਚ ਅੰਮ੍ਰਿਤਸਰ,ਜਲੰਧਰ,ਕਪੂਰਥਲਾ ,ਤਰਨਤਾਰਨ,ਸ਼ਹੀਦ ਭਗਤ ਸਿੰਘ ਨਗਰ,ਗੁਰਦਾਸਪੁਰ,ਪਠਾਨਕੋਟ ਅਤੇ ਹੁਸ਼ਿਆਰਪੁਰ ਆਉਂਦੇ ਹਨ।
2. ਭਾਰਤ ਸਕਾਊਟ ਐਂਡ ਗਾਈਡ ਨੂੰ ਮਾਲਵਾ ਖੇਤਰ ਅਧੀਨ ਪੈਂਦੇ ਬਾਕੀ ਸਾਰੇ ਜਿਲ੍ਹੇ ਦਿੱਤੇ ਗਏ ਹਨ।
ਆਪ ਜੀ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਹਿੰਦੁਸਤਾਨ ਸਕਾਊਟ ਐਂਡ ਗਾਈਡ ਪੰਜਾਬ ਰਾਜ ਨੂੰ ਆਪਣੇ ਜਿਲ੍ਹੇ ਦੇ ਹਰੇਕ ਸਕੂਲ (ਸਰਕਾਰੀ /ਏਡੀਡ / ਪਰਾਈਵੇਟ) ਵਲੋਂ ਰਜਿਸ਼ਟ੍ਰੇਸ਼ਨ ਫੀਸ ਡੀ.ਡੀ. ਚੈੱਕ ਦੇ ਦੁਆਰਾ ਭੇਜੀ ਜਾਵੇ ।

ਧੰਨਵਾਦ ਸਹਿਤ

HINDUSTAN SCOUTS & GUIDES ★ PUNJAB ★

ਆਪ ਜੀ ਦਾ ਵਿਸ਼ਵਾਸ਼ਪਾਤਰ
27/07/2017
ਨਿਤਿਨ ਚੌਧਰੀ
ਸਟੇਟ ਸਕੱਤਰ
ਹਿੰਦੋਸਤਾਨ ਸਕਾਊਟ ਐਂਡ ਗਾਈਡ ਪੰਜਾਬ

ਉਤਾਰਾ:- ਮਾਣਯੋਗ ਸਕੱਤਰ ਸਿਖਿਆ ਪੰਜਾਬ।
ਮਾਣਯੋਗ ਡੀ.ਜੀ.ਐਸ.ਈ.ਪੰਜਾਬ।
ਮਾਣਯੋਗ ਡੀ.ਪੀ.ਆਈ.ਪੰਜਾਬ।
ਮਾਣਯੋਗ ਚੇਅਰਮੈਨ ਹਿੰਦੋਸਤਾਨ ਸਕਾਊਟ ਐਂਡ ਗਾਈਡ ਪੰਜਾਬ।
ਮਾਣਯੋਗ ਪਰੈਜੀਡੈਂਟ/ ਪ੍ਰਧਾਨ ਹਿੰਦੋਸਤਾਨ ਸਕਾਊਟ ਐਂਡ ਗਾਈਡ ਪੰਜਾਬ।

27/07/2017

**ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ)ਅੰਮ੍ਰਿਤਸਰ**

ਈ ਮੇਲ: guidance.asr@gmail.com ਫੋਨ ਨੰਬਰ : 0183-2225897 ਫੈਕਸ 0183-2225896

ਪਿੱਠ ਅੰਕਣ ਨੰ :ਗਾਈਡੈਂਸ/ਅੰਮ੍ਰਿਤਸਰ/ 52 ਮਿਤੀ : 2/8/2017

ਉਪਰੋਕਤ ਦਾ ਉਤਾਰਾ ਜ਼ਿਲ੍ਹੇ ਦੇ ਸਮੂਹ ਪ੍ਰਿੰਸੀਪਲ/ਹੈਡਮਾਸਟਰ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਜ਼ਿਲ੍ਹਾ ਸਿਖਿਆ ਅਫਸਰ (ਸੈ.ਸਿ)
ਅੰਮ੍ਰਿਤਸਰ 2/8/2017